# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

(ਕਾਰਜ ਸੰਚਾਲਨ ਸ਼ਾਖਾ )

ਨੰ:ਪਸਸਬ-ਕਸ-2016/50961
ਮਿਤੀ=29-12-2016

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰ.ਸਿੱਖਿਆ)
ਪੰਜਾਬ ਰਾਜ।

ਵਿਸ਼ਾ:- ਮੈਟ੍ਰਿਕ/ਬਾਰ੍ਹਵੀਂ ਸ਼੍ਰੇਣੀ ਦੀ ਸਾਲਾਨਾ ਪ੍ਰੀਖਿਆ 2017 ਲਈ ਕੇਂਦਰ ਸੁਪਰਡੰਟ, ਡਿਪਟੀ ਸੁਪਰਡੰਟ, ਨਿਗਰਾਨ ਅਮਲਾ, ਉੱਡਣ ਦਸਤੇ ਦੇ ਨਾਵਾਂ ਅਤੇ ਪ੍ਰਯੋਗੀ ਪ੍ਰੀਖਿਆ ਲਈ ਸਾਇੰਸ ਗਰੁੱਪ ਦੇ ਫਿਜ਼ਿਕਸ,ਕੈਮਿਸਟਰੀ, ਬਾਇਓਲੋਜੀ ਤੇ ਕਾਮਰਸ ਗਰੁੱਪ ਲਈ ਅਕਾਊਂਟੈਂਸੀ, ਫੰਡਾਮੈਂਟਲ ਆਫ ਈ-ਬਿਜ਼ਨਸ ਅਤੇ ਹਿਊਮੈਨਟੀਜ਼ ਗਰੁੱਪ ਦੇ ਹੋਮ ਸਾਇੰਸ ਵਿਸ਼ੇ ਦੇ ਪ੍ਰੀਖਿਅਕਾਂ ਦੀਆਂ ਸੂਚੀਆਂ ਭੇਜਣ ਬਾਰੇ।

ਇਸ ਦਫਤਰ ਦੇ ਪੱਤਰ ਨੰ:ਪਸਸਬ-ਕਸ-2016/50873 ਮਿਤੀ 28-11-2016 ਰਾਹੀਂ ਵਿਸ਼ਾ ਅਧੀਨ ਪ੍ਰੀਖਿਆ ਦੇ ਸੰਚਾਲਨ ਲਈ ਨਿਗਰਾਨ ਅਮਲਾ ਤਾਇਨਾਤ ਕਰਨ ਲਈ ਮਿਤੀ 31-12-2016 ਤੱਕ ਆਨਲਾਈਨ ਪੈਨਲ ਮੰਗੇ ਗਏ ਹਨ। ਇਸ ਪੱਤਰ ਵਿੱਚ ਮਾਰਚ 2017 ਦੌਰਾਨ ਬਣਨ ਵਾਲੇ ਪ੍ਰੀਖਿਆ ਕੇਂਦਰਾਂ ਦੀ ਆਰਜ਼ੀ ਸੂਚੀ ਸਮੇਤ ਪ੍ਰੀਖਿਆਰਥੀਆਂ ਦੀ ਗਿਣਤੀ ਆਪ ਜੀ ਨੂੰ User Name-ID ਤੇ ਭੇਜਣ ਅਤੇ ਡੀ.ਈ.ਓ. ਪੋਰਟਲ ਲਾਈਵ ਹੋਣ ਬਾਰੇ ਲਿਖਿਆ ਗਿਆ ਹੈ। ਪਰੰਤੂ ਦਫਤਰੀ ਕਾਰਨਾਂ ਕਰਕੇ ਡੀ.ਈ.ਓ. ਪੋਰਟਲ ਹੁਣ ਮਿਤੀ 05-01-2017 ਤੋਂ ਲਾਈਵ ਕੀਤਾ ਜਾਵੇਗਾ ਅਤੇ ਲੋੜੀਂਦੀ ਸੂਚਨਾ ਮਿਤੀ 15-01-2017 ਤੱਕ ਮੁਕੰਮਲ ਕਰਕੇ ਭੇਜਣ ਦੀ ਖੇਚਲ ਕੀਤੀ ਜਾਵੇ।

ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਬੋਰਡ ਦੀਆਂ ਸਾਲਾਨਾ/ਅਨੁਪੂਰਕ ਪ੍ਰੀਖਿਆਵਾਂ ਵਿੱਚ ਡਿਊਟੀ ਨਿਭਾਉਣ ਦੇ ਇਵਜ਼ ਵਿੱਚ ਦਿੱਤੇ ਜਾਣ ਵਾਲੇ ਮਿਹਨਤਾਨੇ ਦੀ ਅਦਾਇਗੀ ਬੈਂਕ ਖਾਤਿਆਂ ਰਾਹੀਂ ਕਰਨ ਸਬੰਧੀ ਮਾਮਲਾ ਵਿਚਾਰ ਅਧੀਨ ਹੈ। ਇਸ ਲਈ ਅਧਿਆਪਕਾਂ ਦਾ ਪੈਨਲ ਭੇਜਦੇ ਸਮੇਂ ਹਰ ਅਧਿਕਾਰੀ/ਕਰਮਚਾਰੀ ਦੇ ਵੇਰਵਿਆਂ ਸਮੇਤ **Bank Account Number/ IFSC code/Bank name** ਵੀ ਭੇਜੇ ਜਾਣ।

ਉਪ ਸਕੱਤਰ (ਕ.ਸ)
ਵਾਸਤੇ ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ।